# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ,
# ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
# ਵਿੱਦਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ,
# ਫੇਜ-8, ਅਜੀਤਗੜ੍ਹ (ਮੋਹਾਲੀ), ਪੰਜਾਬ

ਸੇਵਾ ਵਿੱਖੇ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਮੁਖੀ, ਪੰਜਾਬ

ਮੀਮੋ ਨੰ :- ਸਸਅ/2013/ਐਮ.ਆਈ.ਐਸ./ਈ-ਪੰਜਾਬਸਕੂਲ/ 13532
ਮਿਤੀ : ਚੰਡੀਗੜ੍ਹ 19 ਅਗਸਤ, 2013

ਵਿਸ਼ਾ : **ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਲੋਂ ਈ-ਪੰਜਾਬ ਸਕੂਲ (www.epunjabschool.gov.in) ਵੈਬ-ਪੋਰਟਲ ਉੱਤੇ ਸਟਾਫ ਅਤੇ ਵਿਦਿਆਰਥੀਆਂ ਦੀ ਹਾਜਰੀ ਲਗਾਉਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ epunjabschool.gov.in ਵੈਬ-ਪੋਰਟਲ ਅਧੀਨ ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਸਟਾਫ ਅਤੇ ਵਿਦਿਆਰਥੀਆਂ ਦੇ ਅੰਕੜੇ ਪਹਿਲਾਂ ਤੋਂ ਹੀ ਦਰਜ ਹਨ ਅਤੇ ਇਸ ਜਾਣਕਾਰੀ ਨੂੰ ਸਕੂਲਾਂ ਵਲੋਂ ਸਮੇਂ-ਸਮੇਂ ਸਿਰ ਅਪਡੇਟ ਵੀ ਕੀਤਾ ਜਾ ਰਿਹਾ ਹੈ।

ਸਕੂਲਾਂ ਵਲੋਂ ਸਟਾਫ ਅਤੇ ਵਿਦਿਆਰਥੀਆਂ ਦੀ ਹਾਜਰੀ ਨੂੰ ਵੀ ਇਸ ਪੋਰਟਲ ਅਧੀਨ ਆਨਲਾਈਨ ਕਰਨ ਲਈ ਇੱਕ ਮਡਿਊਲ ਤਿਆਰ ਕੀਤਾ ਗਿਆ ਹੈ। ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਹਾਜਰੀ ਰਜਿਸਟਰ ਦੇ ਰਿਕਾਰਡ ਨੂੰ epunjabschool.gov.in ਪੋਰਟਲ ਉਤੇ ਦਿੱਤੇ ਹਾਜਰੀ ਮਡਿਊਲ ਉੱਤੇ ਵੀ ਅਪਡੇਟ ਕਰਨ ਤਾਂ ਜੋ ਸਟਾਫ ਅਤੇ ਵਿਦਿਆਰਥੀਆਂ ਦੀ ਹਾਜਰੀ ਸਬੰਧੀ ਅੰਕੜਿਆਂ ਨੂੰ ਮੁੱਖ ਦਫਤਰ ਵਲੋਂ ਵੀ ਘੋਖਿਆ ਜਾ ਸਕੇ ਅਤੇ ਇਨ੍ਹਾਂ ਤੱਥਾਂ ਦੇ ਅਧਾਰ ਤੇ ਸਕੂਲਾਂ ਵਿਚ ਹਾਜਰੀ ਨੂੰ ਯਕੀਨੀ ਬਨਾਉਣ ਲਈ ਯੋਗ ਉਪਰਾਲੇ ਕੀਤੇ ਜਾ ਸਕਣ।

ਸੀ. ਰਾਏ

**ਪ੍ਰਮੁੱਖ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਦਾ ਹੈ :-**

1) ਸਮੂਹ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ, ਪੰਜਾਬ
2) ਸਮੂਹ ਆਈ.ਸੀ.ਟੀ. ਕੋਆਰਡੀਨੇਟਰ, ਪੰਜਾਬ
3) ਸਮੂਹ ਬਲਾਕ ਐਮ.ਆਈ.ਐਸ. ਕੋਆਰਡੀਨੇਟਰ, ਪੰਜਾਬ